# ਕੰਨ ਪੇੜੇ
## Mumps

### ਕੰਨ ਪੇੜੇ ਕੀ ਹੈ?

ਕੰਨ ਪੇੜੇ, ਮੰਪਸ ਵਾਇਰਸ ਕਾਰਨ ਹੋਣ ਵਾਲੀ ਬਿਮਾਰੀ ਹੈ। ਟੀਕਾਕਰਨ ਤੋਂ ਪਹਿਲਾਂ ਕੰਨ ਪੇੜੇ ਬਚਪਨ ਦੀ ਇੱਕ ਆਮ ਬਿਮਾਰੀ ਸੀ। ਇਹ ਹੁਣ ਜਵਾਨ ਬਾਲਗਾਂ ਵਿੱਚ ਵਧੇਰੇ ਆਮ ਹੈ।

ਕੰਨ ਪੇੜੇ ਕਾਰਨ ਏਨਸਿਫਾਲਾਈਟਸ, ਦਿਮਾਗ ਦੀ ਸੋਜਸ਼ ਹੋ ਸਕਦੀ ਹੈ, ਜਿਸ ਨਾਲ ਦੌਰੇ ਪੈ ਸਕਦੇ ਹਨ ਜਾਂ ਦਿਮਾਗ ਨੂੰ ਨੁਕਸਾਨ ਪਹੁੰਚ ਸਕਦਾ ਹੈ। ਕੰਨ ਪੇੜੇ ਵਾਲੇ 20 ਲੋਕਾਂ ਵਿੱਚੋਂ ਲਗਭਗ 1 ਨੂੰ ਕੰਨ ਪੇੜੇ ਵਾਲੇ ਮੇਨਿੰਨਜਾਈਟਸ, ਦਿਮਾਗ ਦੀ ਪਰਤ (lining) ਦੀ ਸੋਜ ਦੀ ਲਾਗ ਹੋਏਗੀ।

ਕੰਨ ਪੇੜੇ ਕਰਕੇ ਅਸਥਾਈ ਬੋਲਾਪਣ ਵੀ ਹੋ ਸਕਦਾ ਹੈ। ਸਥਾਈ ਬੋਲਾਪਣ ਕੰਨ ਪੇੜੇ ਹੋਣ ਵਾਲੇ 20,000 ਲੋਕਾਂ ਵਿੱਚੋਂ 1 ਤੋਂ ਘੱਟ ਲੋਕਾਂ ਵਿੱਚ ਵਾਪਰਦਾ ਹੈ।

ਕੰਨ ਪੇੜੇ ਵਾਲੇ ਬਾਲਗਾਂ ਅਤੇ ਕਿਸ਼ੋਰਾਂ ਨੂੰ ਅੰਡਕੋਸ਼ਾਂ (4 ਕੇਸਾਂ ਵਿੱਚੋਂ ਲਗਭਗ 1) ਜਾਂ ਅੰਡਾਸ਼ਯਾਂ (20 ਕੇਸਾਂ ਵਿੱਚੋਂ ਲਗਭਗ 1) ਦੀ ਦਰਦਨਾਕ ਸੋਜ ਹੋ ਸਕਦੀ ਹੈ। ਇਹ ਦੋਵੇਂ ਸਥਿਤੀਆਂ ਅਸਥਾਈ ਹਨ ਅਤੇ ਬਹੁਤ ਘੱਟ ਹੀ ਸਥਾਈ ਨੁਕਸਾਨ ਜਾਂ ਬਾਂਝਪਨ ਦਾ ਕਾਰਨ ਬਣਦੀਆਂ ਹਨ।

ਗਰਭ ਅਵਸਥਾ ਦੇ ਸ਼ੁਰੂਆਤੀ ਪੜਾਅ ਵਿੱਚ ਕੰਨ ਪੇੜੇ ਦੀ ਲਾਗ ਗਰਭਪਾਤ ਦੀ ਦਰ ਨੂੰ ਵਧਾ ਸਕਦੀ ਹੈ ਪਰ ਇਹ ਨਹੀਂ ਦਿਖਾਇਆ ਗਿਆ ਹੈ ਕਿ ਇਹ ਜਨਮ ਸਮੇਂ ਹੋਣ ਵਾਲੇ ਨੁਕਸਾਂ ਦਾ ਕਾਰਨ ਹੈ।

### ਕੀ ਕੰਨ ਪੇੜੇ ਲਈ ਕੋਈ ਵੈਕਸੀਨ ਹੈ?

ਬੀ.ਸੀ. ਵਿੱਚ ਕੰਨ ਪੇੜੇ ਤੋਂ ਬਚਾਅ ਕਰਨ ਵਾਲੀਆਂ 2 ਵੈਕਸੀਨਾਂ ਉਪਲਬਧ ਹਨ:

1. ਮੀਜ਼ਲਜ਼, ਮੰਮਪਸ, ਰੁਬੈਲਾ (MMR) ਵੈਕਸੀਨ
2. ਮੀਜ਼ਲਜ਼, ਮੰਮਪਸ, ਰੁਬੈਲਾ ਅਤੇ ਵੈਰੀਸੇਲਾ (MMRV) ਵੈਕਸੀਨ

ਇਹ ਵੈਕਸੀਨਾਂ ਬਚਪਨ ਦੇ ਨਿਯਮਤ ਟੀਕਾਕਰਨ ਦੇ ਹਿੱਸੇ ਵਜੋਂ ਅਤੇ ਉਨ੍ਹਾਂ ਲੋਕਾਂ ਲਈ ਮੁਫਤ ਹਨ ਜਿਨ੍ਹਾਂ ਨੂੰ ਕੰਨ ਪੇੜੇ ਤੋਂ ਸੁਰੱਖਿਆ ਦੀ ਲੋੜ ਹੁੰਦੀ ਹੈ। ਹੋਰ ਜਾਣਕਾਰੀ ਲਈ, HealthLinkBC ਫ਼ਾਈਲ #14a ਮੀਜ਼ਲਜ਼, ਮੰਮਪਸ, ਰੁਬੈਲਾ (MMR) ਵੈਕਸੀਨ ਅਤੇ HealthLinkBC File #14e ਮੀਜ਼ਲਜ਼, ਮੰਮਪਸ, ਰੁਬੈਲਾ ਅਤੇ ਵੈਰੀਸੈਲਾ (MMRV) Vaccine 'ਤੇ ਜਾਓ।

### ਕੰਨ ਪੇੜੇ ਕਿਵੇਂ ਫੈਲਦਾ ਹੈ?

ਕੰਨ ਪੇੜੇ ਬਹੁਤ ਛੂਤਕਾਰੀ ਹੁੰਦਾ ਹੈ ਅਤੇ ਆਸਾਨੀ ਨਾਲ ਫੈਲਦਾ ਹੈ। ਇਹ ਕੰਨ ਪੇੜੇ ਵਾਲੇ ਵਿਅਕਤੀ ਦੇ ਮੂੰਹ, ਨੱਕ ਜਾਂ ਗਲੇ ਵਿੱਚੋਂ ਨਿਕਲਣ ਵਾਲੀ ਲਾਰ ਜਾਂ ਬਲਗ਼ਮ ਦੇ ਸੰਪਰਕ ਦੁਆਰਾ ਫੈਲਦਾ ਹੈ। ਕੰਨ ਪੇੜੇ ਦਾ ਵਾਇਰਸ ਹਵਾ ਵਿੱਚ ਬੂੰਦਾਂ ਰਾਹੀਂ ਫੈਲਦਾ ਹੈ ਜਦੋਂ ਕੰਨ ਪੇੜੇ ਵਾਲਾ ਵਿਅਕਤੀ ਖੰਘਦਾ ਜਾਂ ਛਿੱਕਦਾ ਹੈ। ਜੇ ਤੁਸੀਂ ਇਨ੍ਹਾਂ ਬੂੰਦਾਂ ਨੂੰ ਸਾਹ ਲੈਂਦੇ ਹੋ ਜਾਂ ਵਾਇਰਸ ਨਾਲ ਦੂਸ਼ਿਤ ਵਸਤੂਆਂ ਅਤੇ ਸਤਹਾਂ ਨੂੰ ਛੂਹਦੇ ਹੋ ਤਾਂ ਤੁਸੀਂ ਸੰਕਰਮਿਤ ਹੋ ਸਕਦੇ ਹੋ। ਭੋਜਨ, ਪੇਯ ਪਦਾਰਥ ਜਾਂ ਸਿਗਰੇਟਾਂ ਸਾਂਝੀਆਂ ਕਰਨਾ, ਜਾਂ ਕੰਨ ਪੇੜੇ ਵਾਲੇ ਕਿਸੇ ਵਿਅਕਤੀ ਨੂੰ ਚੁੰਮਣਾ ਵੀ ਤੁਹਾਨੂੰ ਜੋਖਮ ਵਿੱਚ ਪਾ ਸਕਦਾ ਹੈ।

### ਲੱਛਣ ਕੀ ਹਨ?

ਕੰਨ ਪੇੜੇ ਦੇ ਲੱਛਣਾਂ ਵਿੱਚ ਬੁਖਾਰ, ਮਾਸਪੇਸ਼ੀਆਂ ਵਿੱਚ ਦਰਦ, ਸਿਰ ਦਰਦ, ਥਕਾਵਟ, ਭੁੱਖ ਨਾ ਲੱਗਣਾ ਅਤੇ ਲਾਰ ਗ੍ਰੰਥੀਆਂ, ਖਾਸ ਕਰਕੇ ਗੱਲ੍ਹਾਂ ਦੇ ਪਾਸੇ ਵਾਲੀਆਂ ਪੈਰੋਟਿਡ ਗ੍ਰੰਥੀਆਂ, ਦੀ ਸੋਜ ਸ਼ਾਮਲ ਹੋ ਸਕਦੇ ਹਨ।

ਕੰਨ ਪੇੜੇ ਵਾਲੇ 3 ਲੋਕਾਂ ਵਿੱਚੋਂ 1 ਨੂੰ ਲਾਰ ਗ੍ਰੰਥੀਆਂ ਦੀ ਸੋਜ ਨਹੀਂ ਹੁੰਦੀ। ਕੰਨ ਪੇੜੇ ਵਾਲੇ 30% ਤੱਕ ਲੋਕਾਂ ਵਿੱਚ ਕੋਈ ਲੱਛਣ ਨਹੀਂ ਹੁੰਦੇ ਪਰ ਉਹ ਫਿਰ ਵੀ ਦੂਜੇ ਲੋਕਾਂ ਵਿੱਚ ਕੰਨ ਪੇੜੇ ਦੇ ਵਾਇਰਸ ਨੂੰ ਫੈਲਾ ਸਕਦੇ ਹਨ।

ਲੱਛਣ ਆਮ ਤੌਰ 'ਤੇ ਕੰਨ ਪੇੜੇ ਦੇ ਵਾਇਰਸ ਨਾਲ ਸੰਪਰਕ ਵਿੱਚ ਆਉਣ ਤੋਂ 12 ਤੋਂ 25 ਦਿਨਾਂ ਬਾਅਦ ਦਿਖਾਈ ਦਿੰਦੇ ਹਨ।

### ਜੇ ਮੇਰਾ ਸੰਪਰਕ ਕੰਮ ਪੇੜੇ ਨਾਲ ਹੋ ਗਿਆ ਹੈ ਤਾਂ ਕੀ ਹੋਵੇਗਾ?

ਜੇ ਤੁਸੀਂ ਕਿਸੇ ਅਜਿਹੇ ਵਿਅਕਤੀ ਦੇ ਸੰਪਰਕ ਵਿੱਚ ਆਏ ਹੋ ਜਿਸ ਨੂੰ ਕੰਨ ਪੇੜੇ ਹੈ ਅਤੇ ਤੁਹਾਨੂੰ ਇਹ ਬਿਮਾਰੀ ਨਹੀਂ ਹੋਈ ਹੈ ਜਾਂ ਕੰਨ ਪੇੜੇ ਵੈਕਸੀਨ ਨਹੀਂ ਲੱਗੀ ਹੈ, ਤਾਂ ਤੁਹਾਨੂੰ ਟੀਕਾਕਰਨ ਕਰਵਾਉਣਾ ਚਾਹੀਦਾ ਹੈ। ਭਾਵੇਂ ਸੰਪਰਕ ਤੋਂ ਬਾਅਦ ਵੈਕਸੀਨ ਲਗਵਾਉਣਾ ਤੁਹਾਨੂੰ ਬਿਮਾਰ ਹੋਣ ਤੋਂ ਨਹੀਂ ਰੋਕ ਸਕਦਾ, ਪਰ ਇਹ ਤੁਹਾਨੂੰ ਭਵਿੱਖ ਵਿੱਚ ਵਾਇਰਸ ਨਾਲ ਸੰਪਰਕ ਤੋਂ ਬਚਾਏਗਾ। ਇਹ ਦੇਖਣ ਲਈ ਆਪਣੇ ਟੀਕਾਕਰਨ ਰਿਕਾਰਡ ਦੀ ਜਾਂਚ ਕਰੋ ਕਿ ਤੁਹਾਨੂੰ ਕੰਨ ਪੇੜੇ ਦੀ ਵੈਕਸੀਨ ਦੀਆਂ ਕਿੰਨੀਆਂ ਖੁਰਾਕਾਂ ਮਿਲੀਆਂ ਹਨ। ਜੇਕਰ ਤੁਹਾਡਾ ਜਨਮ 1970 ਜਾਂ ਉਸ ਤੋਂ ਬਾਅਦ ਹੋਇਆ ਹੈ, ਤਾਂ ਸੁਰੱਖਿਆ ਲਈ ਕੰਨ ਪੇੜੇ ਦੀ ਵੈਕਸੀਨ ਦੀਆਂ 1 ਜਾਂ 2 ਖੁਰਾਕਾਂ ਦੀ ਸਿਫਾਰਸ਼ ਕੀਤੀ ਜਾਂਦੀ ਹੈ। ਇਹ ਪਤਾ ਲਗਾਉਣ ਲਈ ਕਿ ਕੀ ਤੁਹਾਨੂੰ ਟੀਕਾਕਰਨ ਦੀ ਲੋੜ ਹੈ, ਕਿਸੇ ਸਿਹਤ ਸੰਭਾਲ ਪ੍ਰਦਾਤਾ ਨਾਲ ਸੰਪਰਕ ਕਰੋ। 1970 ਤੋਂ

ਪਹਿਲਾਂ ਪੈਦਾ ਹੋਏ ਲੋਕ ਕੰਨ ਪੇੜਿਆਂ ਤੋਂ ਇਮਿਊਨ ਹੋਣ ਦੀ ਸੰਭਾਵਨਾ ਰੱਖਦੇ ਹਨ ਅਤੇ ਉਨ੍ਹਾਂ ਨੂੰ ਟੀਕਾਕਰਨ ਦੀ ਜ਼ਰੂਰਤ ਨਹੀਂ ਹੁੰਦੀ।

## ਜੇ ਮੈਨੂੰ ਲੱਗਦਾ ਹੈ ਕਿ ਮੈਨੂੰ ਕੰਨ ਪੇੜੇ ਹੈ ਤਾਂ ਮੈਨੂੰ ਕੀ ਕਰਨਾ ਚਾਹੀਦਾ ਹੈ?

ਜੇ ਤੁਹਾਡੀਆਂ ਲਾਰ ਗ੍ਰੰਥੀਆਂ ਸੁੱਜੀਆਂ ਹੋਈਆਂ ਹਨ, ਖਾਸ ਕਰਕੇ ਜੇ ਤੁਸੀਂ ਕੰਨ ਪੇੜੇ ਵਾਲੇ ਕਿਸੇ ਵਿਅਕਤੀ ਦੇ ਸੰਪਰਕ ਵਿੱਚ ਰਹੇ ਹੋ ਜਾਂ ਕੰਨ ਪੇੜੇ ਦੀ ਆਉਟਬ੍ਰੇਕ ਵਾਲੇ ਖੇਤਰ ਵਿੱਚ ਯਾਤਰਾ ਕੀਤੀ ਹੈ, ਤਾਂ ਸਿਹਤ ਸੰਭਾਲ ਪ੍ਰਦਾਤਾ ਤੋਂ ਜਾਂਚ ਕਰਵਾਓ। ਪਹਿਲਾਂ ਤੋਂ ਫ਼ੋਨ ਕਰਨਾ ਸਭ ਤੋਂ ਵਧੀਆ ਹੈ ਤਾਂ ਜੋ ਤੁਸੀਂ ਜਲਦੀ ਅਤੇ ਦੂਜੇ ਲੋਕਾਂ ਦੇ ਸੰਪਰਕ ਵਿੱਚ ਆਏ ਬਿਨਾਂ ਡਾਕਟਰ ਨੂੰ ਮਿਲ ਸਕੋ। ਕੰਨ ਪੇੜੇ ਵੇਟਿੰਗ ਰੂਮਾਂ ਅਤੇ ਐਮਰਜੈਂਸੀ ਰੂਮਾਂ ਵਰਗੀਆਂ ਥਾਵਾਂ ਵਿਖੇ ਆਸਾਨੀ ਨਾਲ ਫੈਲ ਸਕਦਾ ਹੈ। ਡਾਕਟਰ ਜਾਂ ਨਰਸ ਇਹ ਯਕੀਨੀ ਬਣਾ ਸਕਦੇ ਹਨ ਕਿ ਤੁਹਾਨੂੰ ਜਾਂਚ ਲਈ ਇੱਕ ਬੰਦ ਖੇਤਰ ਵਿੱਚ ਲਿਜਾਇਆ ਜਾਵੇ ਅਤੇ ਤੁਸੀਂ ਕਲੀਨਿਕ ਵਿੱਚ ਉਸ ਸਮੇਂ ਆਓ ਜਦੋਂ ਵੇਟਿੰਗ ਰੂਮ ਖਾਲੀ ਹੋਵੇ। ਆਪਣਾ ਟੀਕਾਕਰਨ ਰਿਕਾਰਡ ਆਪਣੇ ਨਾਲ ਲਿਆਓ। ਕੰਨ ਪੇੜੇ ਦਾ ਨਿਦਾਨ ਕਰਨ ਲਈ ਸਰੀਰਕ ਜਾਂਚ, ਬਲੱਡ ਟੈਸਟ, ਅਤੇ ਤੁਹਾਡੇ ਮੂੰਹ ਦੇ ਅੰਦਰ ਲਾਰ ਗ੍ਰੰਥੀਆਂ ਦਾ ਸਵੈਬ ਜਾਂ ਪਿਸ਼ਾਬ ਦਾ ਨਮੂਨਾ ਇਕੱਠਾ ਕੀਤਾ ਜਾਵੇਗਾ।

## ਮੈਂ ਦੂਜਿਆਂ ਵਿੱਚ ਕੰਨ ਪੇੜੇ ਫੈਲਣ ਤੋਂ ਕਿਵੇਂ ਰੋਕ ਸਕਦਾ/ਸਕਦੀ ਹਾਂ?

ਕੰਨ ਪੇੜੇ ਵਾਲਾ ਵਿਅਕਤੀ ਲੱਛਣਾਂ ਦੇ ਪਹਿਲੀ ਵਾਰ ਦਿਖਾਈ ਦੇਣ ਤੋਂ 7 ਦਿਨ ਪਹਿਲਾਂ ਤੋਂ ਲੈ ਕੇ 9 ਦਿਨ ਬਾਅਦ ਤੱਕ ਵਾਇਰਸ ਨੂੰ ਦੂਜਿਆਂ ਵਿੱਚ ਫੈਲਾ ਸਕਦਾ ਹੈ। ਜੇਕਰ ਤੁਹਾਨੂੰ ਕੰਨ ਪੇੜੇ ਹੈ, ਤਾਂ ਤੁਸੀਂ ਇਹ ਚੀਜ਼ਾਂ ਕਰਕੇ ਇਸਨੂੰ ਦੂਜੇ ਲੋਕਾਂ ਵਿੱਚ ਫੈਲਣ ਤੋਂ ਰੋਕਣ ਵਿੱਚ ਮਦਦ ਕਰ ਸਕਦੇ ਹੋ:

- ਤੁਹਾਡੀ ਲਾਰ ਗ੍ਰੰਥੀ ਦੀ ਸੋਜ ਸ਼ੁਰੂ ਹੋਣ ਤੋਂ ਬਾਅਦ ਘੱਟੋ-ਘੱਟ 5 ਦਿਨਾਂ ਲਈ ਸਕੂਲ, ਡੇਅਕੇਅਰ, ਕੰਮ ਅਤੇ ਹੋਰ ਸਮੂਹ ਸੈਟਿੰਗਾਂ ਤੋਂ ਘਰ ਰਹਿ ਕੇ
- ਆਪਣੇ ਹੱਥਾਂ ਨੂੰ ਨਿਯਮਿਤ ਰੂਪ ਨਾਲ ਧੋਕੇ
- ਆਪਣੇ ਹੱਥਾਂ ਦੀ ਬਜਾਏ ਟਿਸ਼ੂ ਜਾਂ ਕਮੀਜ਼ ਦੀ ਬਾਂਹ ਵਿੱਚ ਖੰਘ ਜਾਂ ਛਿੱਕ ਕੇ
- ਭੋਜਨ, ਪੀਣ ਵਾਲੇ ਪਦਾਰਥ ਜਾਂ ਸਿਗਰੇਟਾਂ ਸਾਂਝੀਆਂ ਨਾ ਕਰਕੇ, ਜਾਂ ਦੂਜਿਆਂ ਨੂੰ ਨਾ ਚੁੰਮ ਕੇ

## ਘਰੇਲੂ ਇਲਾਜ ਕੀ ਹੈ?

ਕਿਸੇ ਸਿਹਤ ਸੰਭਾਲ ਪ੍ਰਦਾਤਾ ਨੂੰ ਮਿਲਣ ਤੋਂ ਬਾਅਦ, ਹੇਠਾਂ ਦਿੱਤੇ ਘਰੇਲੂ ਇਲਾਜ ਦੇ ਸੁਝਾਅ ਤੁਹਾਨੂੰ ਆਰਾਮ ਕਰਨ ਅਤੇ ਠੀਕ ਹੋਣ ਦੌਰਾਨ ਵਧੇਰੇ ਸੁਖਾਵਾਂ ਹੋਣ ਵਿੱਚ ਮਦਦ ਕਰ ਸਕਦੇ ਹਨ।

- ਬਹੁਤ ਸਾਰੇ ਤਰਲ ਪਦਾਰਥ ਜਿਵੇਂ ਕਿ ਪਾਣੀ, ਜੂਸ ਅਤੇ ਸੂਪ ਪੀਓ, ਖਾਸ ਕਰਕੇ ਜੇ ਤੁਹਾਨੂੰ ਬੁਖਾਰ ਹੈ
- ਕਾਫੀ ਆਰਾਮ ਕਰੋ
- ਸੁੱਜੇ ਹੋਏ ਜਾਂ ਦਰਦਨਾਕ ਜਬਾੜੇ ਲਈ ਆਈਸ ਪੈਕ ਜਾਂ ਹੀਟਿੰਗ ਪੈਡ ਦੀ ਵਰਤੋਂ ਕਰੋ। ਚਮੜੀ ਦੀ ਰੱਖਿਆ ਲਈ ਜਬਾੜੇ 'ਤੇ ਹਲਕਾ ਤੌਲੀਆ ਰੱਖਣਾ ਯਕੀਨੀ ਬਣਾਓ
- ਖੱਟੇ ਭੋਜਨ ਅਤੇ ਤਰਲ ਪਦਾਰਥਾਂ ਤੋਂ ਪਰਹੇਜ਼ ਕਰੋ ਕਿਉਂਕਿ ਸੁੱਜੀਆਂ ਹੋਈਆਂ ਲਾਰ ਗ੍ਰੰਥੀਆਂ ਖੱਟੇ ਸੁਆਦ ਪ੍ਰਤੀ ਬਹੁਤ ਸੰਵੇਦਨਸ਼ੀਲ ਹੁੰਦੀਆਂ ਹਨ
- ਆਇਸ ਚਿਪਸ ਜਾਂ ਸੁਆਦ ਵਾਲੀਆਂ ਆਇਸ ਟ੍ਰੀਟਾਂ ਅਤੇ ਨਰਮ ਭੋਜਨ ਖਾਓ ਜਿਨ੍ਹਾਂ ਨੂੰ ਚਬਾਉਣ ਦੀ ਲੋੜ ਨਹੀਂ ਹੁੰਦੀ

ਬੁਖਾਰ ਜਾਂ ਜਲਨ ਲਈ ਅਸੀਟਾਮੇਨੋਫੇਨ (acetaminophen) (ਉਦਾਹਰਣ ਲਈ ਟਾਇਲੇਨੌਲ (Tylenol®)) ਜਾਂ ਆਈਬਿਊਪ੍ਰੋਫ਼ੇਨ (ibuprofen*) (ਉਦਹਾਰਣ ਲਈ ਐਡਵਿਲ (Advil®)) ਦਿੱਤੀ ਜਾ ਸਕਦੀ ਹੈ। ਰੇ ਸਿੰਨਡਰੋਮ ਦੇ ਖਤਰੇ ਕਰਕੇ 18 ਸਾਲਾਂ ਤੋਂ ਘੱਟ ਉਮਰ ਦੇ ਕਿਸੇ ਵਿਅਕਤੀ ਨੂੰ ਏਐਸਏ (ASA) (ਉਦਹਾਰਣ ਲਈ ਐਸਪਰੀਨ (Aspirin®)) ਨਹੀਂ ਦਿੱਤੀ ਜਾਣੀ ਚਾਹੀਦੀ।

*ਤੁਹਾਡੇ ਸਿਹਤ ਸੰਭਾਲ ਪ੍ਰਦਾਤਾ ਨਾਲ ਪਹਿਲਾਂ ਗੱਲ ਕੀਤੇ ਬਿਨਾਂ 6 ਮਹੀਨਿਆਂ ਤੋਂ ਘੱਟ ਉਮਰ ਦੇ ਬੱਚਿਆਂ ਨੂੰ ਆਈਬਿਊਪਰੋਫ਼ੈਨ ਨਹੀਂ ਦਿੱਤੀ ਜਾਣੀ ਚਾਹੀਦੀ।

ਰੇਏ ਸਿੰਨਡਰੋਮ ਬਾਰੇ ਹੋਰ ਜਾਣਕਾਰੀ ਲਈ, HealthLinkBC File #84 ਰੇਏ ਸਿੰਨਡਰੋਮ 'ਤੇ ਜਾਓ।

BC Centre for Disease Control
Provincial Health Services Authority

ਹੋਰ ਹੈਲਥਲਿੰਕਬੀਸੀ ਫਾਈਲ ਵਿਸ਼ਿਆਂ ਵਾਸਤੇ www.HealthLinkBC.ca/health-library/healthlinkbc-files 'ਤੇ ਜਾਂ ਆਪਣੇ ਸਥਾਨਕ ਸਿਹਤ ਯੂਨਿਟ ਕੋਲ ਜਾਓ। ਬੀ.ਸੀ. ਵਿੱਚ ਗੈਰ-ਐਮਰਜੈਂਸੀ ਸਿਹਤ ਜਾਣਕਾਰੀ ਅਤੇ ਸਲਾਹ ਦੇ ਲਈ www.HealthLinkBC.ca 'ਤੇ ਜਾਓ ਜਾਂ **8-1-1** (ਟੋਲ-ਫ੍ਰੀ) 'ਤੇ ਫੋਨ ਕਰੋ। ਬੋਲ਼ੇ ਅਤੇ ਉੱਚਾ ਸੁਣਨ ਵਾਲਿਆਂ ਲਈ, **7-1-1** 'ਤੇ ਫੋਨ ਕਰੋ। ਬੇਨਤੀ ਕਰਨ ਤੇ 130 ਤੋਂ ਵੱਧ ਭਾਸ਼ਾਵਾਂ ਵਿੱਚ ਅਨੁਵਾਦ ਸੇਵਾਵਾਂ ਉਪਲਬਧ ਹਨ।